ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਮੀਮੋ ਨੰ ਐਮਸੀ/09/666386-66425
ਮਿਤੀ ਚੰਡੀਗੜ੍ਹ 09 ਸਤੰਬਰ, 2009

**ਵਿਸ਼ਾ** **ਸਰਕਾਰੀ ਸਕੂਲਾਂ ਵਿੱਚ ਅਧਿਆਪਕ ਡਾਇਰੀਆਂ ਨੂੰ ਮੇਨਟੇਨ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਮੁੱਖ ਦਫਤਰ ਦੁਆਰਾ ਸਕੂਲਾਂ ਦੇ ਵਿੱਚ ਸਿੱਖਿਆ ਦੇ ਮਿਆਰ ਨੂੰ ਮੁੱਖ ਰੱਖਦਿਆ ਹੋਇਆ ਸਿੱਖਿਆ ਖੇਤਰ ਵਿੱਚ ਮਾਹਿਰਾਂ ਵੱਲੋਂ ਦਿੱਤੇ ਗਏ ਸੁਝਾਅ ਅਨੁਸਾਰ ਅਧਿਆਪਕ ਡਾਇਰੀਆ ਨਿਰਧਾਰਤ ਕੀਤੀਆਂ ਗਈਆਂ ਸਨ । ਇਹ ਡਾਇਰੀਆਂ ਇਸ ਸਮੇ ਸਾਰੇ ਸਕੂਲਾਂ ਵਿੱਚ ਆਪ ਵੱਲੋ ਪਹੁੰਚਾ ਦਿੱਤੀਆ ਗਈਆਂ ਹਨ । ਸਮੇ ਸਮੇ ਸਿਰ ਸਕੂਲਾਂ ਦੇ ਦੌਰੇ ਦੌਰਾਨ ਇਨ੍ਹਾਂ ਡਾਇਰੀਆ ਬਾਰੇ ਅਧਿਆਪਕਾਂ ਵੱਲੋਂ ਇਹ ਸੁਝਾਅ ਦਿੱਤਾ ਗਿਆ ਹੈ ਕਿ ਉਹਨਾਂ ਵੱਲੋ ਇਹ ਡਾਇਰੀਆ ਆਪਣੀ ਪੱਧਰ ਤੇ ਪਹਿਲਾਂ ਹੀ ਲਗਾ ਲਈਆ ਗਈਆਂ ਹਨ ਜਦੋਂ ਕਿ ਵਿਭਾਗ ਵੱਲੋ ਉਹਨਾਂ ਨੂੰ ਹੋਰ ਡਾਇਰੀਆ ਵੀ ਹੁਣ ਦਿੱਤੀਆ ਹਨ । ਇਸ ਦੇ ਨਾਲ ਹੀ ਅਧਿਆਪਕਾਂ ਵੱਲੋਂ ਇਹ ਸੁਝਾਅ ਵੀ ਦਿੱਤਾ ਗਿਆ ਹੈ ਕਿ ਅਧਿਆਪਕਾਂ ਵੱਲੋ ਰੋਜ਼ਾਨਾਂ ਡਾਇਰੀਆ ਲਿਖਣ ਦੀ ਥਾਂ ਹਫਤਾਵਾਰ ਡਾਇਰੀਆ ਲਿਖਣ ਦੀ ਇਜਾਜਤ ਦਿੱਤੀ ਜਾਵੇ ਕਿਉਂ ਜੋ ਅਧਿਆਪਕਾਂ ਕੋਲ ਸਿੱਖਿਆ ਦੇ ਮਿਆਰ ਨੂੰ ਉੱਚਾ ਕਰਨ ਲਈ ਹੋਰ ਸਮਾਂ ਬਚ ਜਾਵੇਗਾ ਜਦ ਕਿ ਰੋਜਾਨਾ ਡਾਇਰੀ ਲਿਖਣ ਦਾ ਮੰਤਵ ਹਫਤਾਵਾਰ ਡਾਇਰੀ ਲਿਖਣ ਦੇ ਨਾਲ ਵੀ ਪੂਰਾ ਹੋ ਸਕਦਾ ਹੈ ।

3.0 ਇਸ ਪੂਰੇ ਮੁੱਦੇ ਨੂੰ ਚੰਗੀ ਤਰ੍ਹਾਂ ਇੱਕ ਵਾਰ ਦੋਬਾਰਾ ਘੋਖਿਆ ਗਿਆ ਹੈ ਅਤੇ ਘੋਖਣ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸਕੂਲਾਂ ਦੇ ਵਿੱਚ ਇਹ ਡਾਇਰੀਆ ਅਧਿਆਪਕਾਂ ਨੂੰ ਸਮੇ ਸਿਰ ਨਹੀਂ ਪਹੁੰਚਾਇਆ ਜਾ ਸਕੀਆਂ ਤਾਂ ਮਹੀਨੇ ਦੀ ਆਖਰੀ ਤਾਰੀਖ ਯਾਣੀ ਕਿ 30 ਸਤੰਬਰ, 2009 ਤੀਕ ਅਧਿਆਪਕਾਂ ਵੱਲੋ ਪੁਰਾਨੀ ਡਾਇਰੀ ਹੀ ਲਿਖੀ ਜਾਵੇਗੀ ਜਦੋਂ ਕਿ 01 ਅਕਤੂਬਰ, 2009 ਤੋ ਮਹਿਕਮੇ ਵੱਲੋ ਦਿੱਤੀ ਨਵੀਂ ਡਾਇਰੀ ਨੂੰ ਲਿਖਿਆ

ਜਾਵੇਗਾ। ਇੱਥੇ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਇਹ ਡਾਇਰੀ ਸਬੰਧਤ ਅਧਿਆਪਕ ਪਾਸ ਚਾਲੂ ਰਹੇਗੀ ਜਦੋਂ ਤੀਕ ਇਹ ਡਾਇਰੀ ਪੂਰੀ ਭਰ ਨਹੀਂ ਜਾਂਦੀ ਤਾਂ ਜੋ ਸਟੇਸ਼ਨਰੀ ਦਾ ਕੋਈ ਦੁਰਪਯੋਗ ਨਾ ਹੋਵੇ । ਕਹਿਣ ਦਾ ਭਾਵ ਇਹ ਹੈ ਕਿ ਜੇਕਰ ਇਹ ਡਾਇਰੀਆ 31 ਮਾਰਚ, 2009 ਨੂੰ ਖਾਲੀ ਰਹਿੰਦੀਆ ਹਨ ਤਾਂ ਅਧਿਆਪਕ ਇਨ੍ਹਾਂ ਨੂੰ ਅਗਲੇ ਸਾਲ ਵੀ ਕੰਮ ਵਿੱਚ ਲੈ ਲੈਣਗੇ ।

4.0 ਜਿੱਥੇ ਤੀਕ ਅਧਿਆਪਕਾਂ ਵੱਲੋ ਰੋਜਾਨਾ ਡਾਇਰੀ ਲਿਖਣ ਦਾ ਸਵਾਲ ਹੈ, ਇਸ ਮੁੱਦੇ ਨੂੰ ਚੰਗੀ ਤਰ੍ਹਾਂ ਘੋਖਣ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਅਧਿਆਪਕ ਇਹ ਡਾਇਰੀ ਹਰ ਰੋਜ ਲਿਖਣ ਦੀ ਥਾਂ ਹਫਤਾਵਾਰ ਲਿਖਣਗੇ ਪਰੰਤੂ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਡਾਇਰੀਆ ਹਫਤਾਵਾਰ ਜ਼ਰੂਰ ਲਿਖੀਆ ਜਾਣ ਜਿਸ ਵਿੱਚ ਹਫਤੇ ਦੌਰਾਨ ਕੀਤੇ ਕੰਮ ਦਾ ਵੇਰਵਾ ਅਤੇ ਅਗਲੇ ਹਫਤੇ ਹੋਣ ਵਾਲੇ ਕੰਮਾਂ ਦਾ ਵੇਰਵਾ ਅਤੇ ਡਾਇਰੀ ਵਿੱਚ ਹੋਰ ਲੋੜੀਂਦੀ ਜਾਣਕਾਰੀ ਵੀ ਚੰਗੀ ਤਰ੍ਹਾਂ ਭਰੀ ਜਾਵੇ ।

5.0 ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਸਕੂਲ ਮੁੱਖੀ ਹਫਤੇ ਵਿੱਚ ਇੱਕ ਵਾਰੀ ਇਨ੍ਹਾਂ ਡਾਇਰੀਆਂ ਨੂੰ ਚੈਕ ਕਰਨ ਅਤੇ ਅਧਿਆਪਕਾਂ ਦੁਆਰਾ ਕਰਵਾਇਆ ਗਿਆ ਕੰਮ ਅਤੇ ਸਕੂਲ ਮਾਨੀਟਰ ਡਾਇਰੀ ਜੋ ਕਿ ਹਰ ਕਲਾਸ ਵਿੱਚ ਕਲਾਸ ਦੇ ਮਾਨੀਟਰ ਵੱਲੋ ਭਰੀ ਜਾਂਦੀ ਹੈ, ਦੇ ਨਾਲ ਮੁਕਾਬਲਾ ਜ਼ਰੂਰ ਕੀਤਾ ਜਾਵੇ ।

6.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠਅੰਕਣ ਨੰਬਰਃ ਐਮਸੀ/09/66426-66429 ਮਿਤੀ 09.09.09

ਉਤਾਰਾ : ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ

ਡੀ.ਐਮ. / ਐਮ ਆਈ ਐਸ (ਵੈਬ ਸਾਈਟ ਲਈ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ